## ਮਿੰਨੀ ਪੀ.ਐਚ.ਸੀ. ਵਿੱਚ ਮਰੀਜਾਂ ਲਈ ਸਹੂਲਤਾਂ

*1392 **ਸਰਦਾਰ ਅਮਰਜੀਤ ਸਿੰਘ ਸਾਹੀ, ਐਮ.ਐਲ.ਏ:-** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਹਰ ਇੱਕ ਮਿੰਨੀ ਪੀ.ਐਚ.ਸੀ. ਵਿੱਚ ਮਰੀਜਾਂ ਵਾਸਤੇ ਕਿੰਨੇ ਬੈੱਡ ਲਗਾਏ ਗਏ ਹੁੰਦੇ ਹਨ ਅਤੇ ਮਰੀਜਾਂ ਨੂੰ ਕਿਹੜੀਆਂ-ਕਿਹੜੀਆਂ ਸੁਵਿਧਾਵਾਂ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ;

ਅ) ਹਰ ਇੱਕ ਮਿੰਨੀ ਪੀ.ਐਚ.ਸੀ ਵਿੱਚ ਕਿੰਨਾਂ ਅਤੇ ਕਿਹੜਾ-ਕਿਹੜਾ ਸਟਾਫ ਮੁਹੱਈਆ ਕਰਵਾਇਆ ਜਾਂਦਾ ਹੈ?

## ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਸਿਹਤ ਤੇ ਪਰਿਵਾਰ ਭਲਾਈ ਮੰਤਰੀ

ੳ) ਹਰ ਇੱਕ ਮਿੰਨੀ ਮੁਢਲਾ ਸਿਹਤ ਕੇਂਦਰ ਵਿਖੇ 4 ਬਿਸਤਰੇ ਮਨਜ਼ੂਰਸ਼ੁਦਾ ਹਨ ਅਤੇ ਇਨ੍ਹਾਂ ਵਿੱਚ ਮਰੀਜ਼ਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਜਿਸ ਵਿੱਚ ਆਊਟ ਡੋਰ ਟਰੀਟਮੈਂਟ, ਐਂਟੀ-ਨੇਟਲ ਕੇਅਰ, ਟੀਕਾਕਰਨ, ਪਰਿਵਾਰ ਭਲਾਈ ਸੇਵਾਵਾਂ, ਮਲੇਰੀਆ, ਟੀ.ਬੀ., ਲੈਪਰੋਸੀ ਦੇ ਇਲਾਜ, ਮਾਈਨਰ ਤਕਲੀਫਾਂ, ਮੁੱਢਲੇ ਲੈਬਾਰਟਰੀ ਟੈਸਟ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਅ) ਮਿੰਨੀ ਮੁੱਢਲਾ ਸਿਹਤ ਕੇਂਦਰ ਵਿਖੇ ਛੇ ਮਨਜ਼ੂਰਸ਼ੁਦਾ ਆਸਾਮੀਆਂ ਮੈਡੀਕਲ ਅਫਸਰ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ੀਅਨ, ਸਟਾਫ ਨਰਸ (ਹਰੇਕ ਇੱਕ-ਇੱਕ) ਅਤੇ ਦੋ ਗਰੁੱਪ ਡੀ ਦੀਆਂ ਆਸਾਮੀਆਂ ਹਨ।

## SMT. LAXMI KANTA CHAWLA, HEALTH AND FAMILY WELFARE MINISTER,

a) There are four beds sanctioned at each Mini Primary Health Centre and patients are provided primary health care services, which include outdoor treatment, ante natal, immunization, family planning services, malaria, TB, leprosy treatment, minor ailments, basic laboratory tests and referral services.
b) At Mini Primary Health Centre, there are six sanctioned posts, Medical Officer, Pharmacist, Laboratory Technician, Staff Nurse (one each) and two posts of Group-D.